ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ

ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ

# ਖ਼ਾਲਸਾ ਕਾਲਜ ਪਟਿਆਲਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ

ਨੈਕ ਵੱਲੋਂ 'ਏ' ਗ੍ਰੇਡ ਪ੍ਰਵਾਨਿਤ, ਯੂ.ਜੀ.ਸੀ. ਵੱਲੋਂ ਕਾਲਜ ਵਿਦ 'ਪੁਟੈਂਸ਼ਿਅਲ ਫ਼ਾਰ ਐਕਸੀਲੈਂਸ'

ਸਟੇਟਸ ਅਤੇ ਸਟਾਰ ਕਾਲਜ - ਡੀ.ਬੀ.ਟੀ.

ਆਟੋਨੌਮਸ ਕਾਲਜ

ਨੰਬਰ: ਕੇਸੀਪੀ/2022/ਪ੍ਰੀਖਿਆ/228 ਮਿਤੀ: 19-01-2022

## ਫ਼ੈਕਲਟੀ ਲਈ ਦਿਸ਼ਾ-ਨਿਰਦੇਸ਼

1. ਅੰਡਰ-ਗ੍ਰੈਜੂਏਟ ਕੋਰਸਾਂ ਦੇ ਭਾਗ ਦੂਜਾ (ਸਮੈਸਟਰ ਤੀਜਾ), ਭਾਗ ਤੀਜਾ (ਸਮੈਸਟਰ ਪੰਜਵਾਂ) ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਦੇ ਭਾਗ ਦੂਜਾ (ਸਮੈਸਟਰ ਤੀਜਾ) ਦੇ 05-01-2022 ਤੋਂ ਮੁਲਤਵੀ ਕੀਤੇ ਗਏ ਪੇਪਰ ਅਤੇ ਅੰਡਰ-ਗ੍ਰੈਜੂਏਟ ਕੋਰਸਾਂ ਦੇ ਭਾਗ ਪਹਿਲਾ (ਸਮੈਸਟਰ ਪਹਿਲਾ) ਦੀਆਂ ਰੈਗੂਲਰ ਅਤੇ ਰੀ-ਅਪੀਅਰ ਵਿਦਿਆਰਥੀਆਂ ਦੀਆਂ ਥਿਊਰੀ ਪ੍ਰੀਖਿਆਵਾਂ ਮਿਤੀ 24 ਜਨਵਰੀ, 2022 ਤੋਂ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਦੇ ਭਾਗ ਪਹਿਲਾ (ਸਮੈਸਟਰ ਪਹਿਲਾ) ਦੀਆਂ ਰੈਗੂਲਰ ਅਤੇ ਰੀ-ਅਪੀਅਰ ਵਿਦਿਆਰਥੀਆਂ ਦੀਆਂ ਥਿਊਰੀ ਪ੍ਰੀਖਿਆਵਾਂ ਮਿਤੀ 31 ਜਨਵਰੀ, 2022 ਤੋਂ ਬਲੈਂਡਿਡ ਮੋਡ ਰਾਹੀਂ ਸ਼ੁਰੂ ਹੋ ਰਹੀਆਂ ਹਨ। ਡੇਟ-ਸ਼ੀਟ ਕਾਲਜ ਦੀ ਵੈਬਸਾਈਟ www.khalsacollegepatiala.org <http://www.khalsacollegepatiala.org> ਉੱਪਰ ਅਪਲੋਡ ਕਰ ਦਿੱਤੀ ਜਾਵੇਗੀ।
2. ਵਿਦਿਆਰਥੀ ਆਪਣਾ ਪੇਪਰ ਦਿੰਦੇ ਸਮੇਂ ਕਾਲਜ ਦੇ ਸਬੰਧਿਤ ਵਿਭਾਗ ਵਲੋਂ ਦਿੱਤੇ ਸੋਸ਼ਲ ਮੀਡੀਆ ਪਲੇਟਫ਼ਾਰਮ (Google Meet, Zoom, BlueJeans etc.) ਰਾਹੀਂ ਪੇਪਰ ਦੌਰਾਨ ਲਾਈਵ ਰਹਿਣਗੇ ਅਤੇ ਉਨ੍ਹਾਂ ਨੂੰ ਕਾਲਜ ਵਲੋਂ ਇਸ ਮੰਤਵ ਲਈ ਨਿਯੁਕਤ ਕੀਤੇ ਅਬਜ਼ਰਵਰਾਂ ਦੁਆਰਾ ਚੈੱਕ ਕੀਤਾ ਜਾਵੇਗਾ। ਆਈ.ਡੀ. ਦਾ ਲਿੰਕ ਵਿਸ਼ੇ ਦੇ ਸਬੰਧਿਤ ਅਧਿਆਪਕ ਸਾਹਿਬਾਨ/ਕਲਾਸ ਇੰਚਾਰਜ ਵੱਲੋਂ ਬਣਾ ਕੇ ਪੇਪਰ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਵਟਸ-ਐੱਪ ਗਰੁੱਪ ਵਿਚ ਸ਼ੇਅਰ ਕੀਤਾ ਜਾਵੇਗਾ।
3. ਹਰ ਪੇਪਰ ਲਈ ਇਕ ਨੋਡਲ-ਅਫ਼ਸਰ ਲਗਾਇਆ ਜਾਵੇਗਾ। ਵੱਖ-ਵੱਖ ਵਿਭਾਗਾਂ ਦੇ ਮੁਖੀ ਵਲੋਂ ਕਲਾਸਾਂ ਦੇ ਪਹਿਲਾ ਬਣੇ ਵਿਦਿਆਰਥੀਆਂ ਦੇ ਵਟਸ-ਐੱਪ ਗਰੁੱਪ ਵਿਚ ਚੀਫ਼ ਨੋਡਲ ਅਫ਼ਸਰ ਡਾ. ਗੁਰਮੀਤ ਸਿੰਘ (ਮੋਬਾਇਲ ਨੰ. 90414-04543) ਅਤੇ ਡਿਪਟੀ ਕੰਟ੍ਰੋਲਰ (ਪ੍ਰੀਖਿਆਵਾਂ) ਡਾ. ਜਗਜੀਤ ਸਿੰਘ (ਮੋਬਾਇਲ ਨੰ. 78145-11707) ਨੂੰ ਮਿਤੀ 21 ਜਨਵਰੀ, 2022 ਤੱਕ ਹਰ ਹਾਲਤ ਵਿਚ ਸ਼ਾਮਿਲ ਕਰ ਲਿਆ ਜਾਵੇ। ਚੀਫ਼ ਨੋਡਲ ਅਫ਼ਸਰ ਨੂੰ ਹਰ ਗਰੁੱਪ ਦਾ ਐਡਮਿਨ ਬਣਾ ਦਿੱਤਾ ਜਾਵੇ ਤਾਂ ਕਿ ਚੀਫ਼ ਨੋਡਲ ਅਫ਼ਸਰ ਸਬੰਧਤ ਨੋਡਲ ਅਫ਼ਸਰਾਂ ਨੂੰ ਉਸ ਵਟਸ-ਐੱਪ ਗਰੁੱਪ ਵਿਚ ਐਡ ਕਰ ਸਕਣ।
4. ਜਿਸ ਵਿਸ਼ੇ ਦਾ ਇਮਤਿਹਾਨ ਹੋਵੇਗਾ, ਉਸ ਵਿਸ਼ੇ ਦੇ ਅਧਿਆਪਕ ਸਾਹਿਬਾਨ/ਕਲਾਸ ਇੰਚਾਰਜ ਕਾਲਜ ਵਿਖੇ ਹਾਜ਼ਿਰ ਹੋਣਗੇ। ਨਿਮਨ ਹਸਤਾਖ਼ਰੀ ਦੀ ਪੂਰਵ-ਪ੍ਰਵਾਨਗੀ ਤੋਂ ਬਿਨ੍ਹਾਂ, ਉਨ੍ਹਾਂ ਦੀ ਛੁੱਟੀ ਪ੍ਰਵਾਨ ਨਹੀਂ ਕੀਤੀ ਜਾਵੇਗੀ।
5. ਸਬੰਧਿਤ ਅਧਿਆਪਕ ਸਾਹਿਬਾਨ/ਕਲਾਸ ਇੰਚਾਰਜ ਇਹ ਯਕੀਨੀ ਬਣਾਉਣ ਕਿ ਪੇਪਰ ਦੌਰਾਨ ਹਰੇਕ ਵਿਦਿਆਰਥੀ ਆਪਣੀ ਵੀਡੀਓ/ਆਡੀਓ ਆਨ ਰੱਖਣ।
6. ਪ੍ਰਸ਼ਨ-ਪੱਤਰ ਕਾਲਜ ਦੀ ਵੈਬਸਾਈਟ www.khalsacollegepatiala.org <http://www.khalsacollegepatiala.org> ਉੱਪਰ Quick Links ਸੈਕਸ਼ਨ ਵਿਚ ਹਰ ਰੋਜ਼ ਪੇਪਰ ਸ਼ੁਰੂ ਹੋਣ ਤੋਂ ਘੱਟੋ-ਘੱਟ ਪੰਦਰ੍ਹਾਂ ਮਿੰਟ (15 Minute) ਪਹਿਲਾਂ ਅਪਲੋਡ ਕੀਤੇ ਜਾਣਗੇ। ਇਸ ਤੋਂ ਇਲਾਵਾ ਇਹ ਪੇਪਰ ਵਿਦਿਆਰਥੀਆਂ ਦੇ ਵਿਸ਼ੇ ਅਨੁਸਾਰ ਪਹਿਲਾਂ ਹੀ ਬਣੇ ਹੋਏ ਵਟਸ-ਐੱਪ ਗਰੁੱਪਾਂ ਰਾਹੀਂ ਵੱਖ-ਵੱਖ ਬਣੇ ਨੋਡਲ ਅਫ਼ਸਰਾਂ ਦੁਆਰਾ ਪੇਪਰ ਸ਼ੁਰੂ ਹੋਣ ਤੋਂ ਘੱਟੋ-ਘੱਟ ਪੰਦਰ੍ਹਾਂ ਮਿੰਟ (15 Minute) ਪਹਿਲਾਂ ਭੇਜੇ ਜਾਣਗੇ। ਸਬੰਧਿਤ ਅਧਿਆਪਕ/ਕਲਾਸ ਇੰਚਾਰਜ ਇਹ ਯਕੀਨੀ ਬਣਾਉਣ ਕਿ ਕੋਈ ਵੀ ਵਿਦਿਆਰਥੀ ਥਿਊਰੀ ਪੇਪਰ ਖ਼ਤਮ ਹੋਣ ਤੱਕ ਪਹਿਲਾਂ ਬਣੇ ਵਟਸ-ਐੱਪ ਗਰੁੱਪ ਨੂੰ ਛੱਡ ਕੇ ਨਾ ਜਾਣ।
7. ਵੱਖ-ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨਾਂ ਨੂੰ ਕਾਲਜ ਵੱਲੋਂ ਅੰਗ੍ਰੇਜ਼ੀ, ਪੰਜਾਬੀ ਲਾਜ਼ਮੀ ਅਤੇ ਮੁੱਢਲਾ ਗਿਆਨ ਦੇ ਪੇਪਰਾਂ ਲਈ 24 ਪੰਨਿਆਂ ਦੀ ਉੱਤਰ ਕਾਪੀ (Answer Sheet) ਅਤੇ ਬਾਕੀ ਪੇਪਰਾਂ ਲਈ 32 ਪੰਨਿਆਂ ਦੀ ਉੱਤਰ ਕਾਪੀ (Answer Sheet) ਵਿਦਿਆਰਥੀਆਂ ਦੇ ਕਲਾਸਾਂ ਦੇ ਬਣੇ ਹੋਏ ਵਟਸ-ਐੱਪ ਗਰੁੱਪਾਂ ਵਿਚ ਭੇਜਣ ਲਈ ਭੇਜੀ ਜਾਵੇਗੀ। ਇਹ ਯਕੀਨੀ ਬਣਾਇਆ ਜਾਵੇ ਕਿ ਇਹ ਉੱਤਰ ਕਾਪੀ (Answer Sheet) ਵਿਦਿਆਰਥੀਆਂ ਤੱਕ ਪਹੁੰਚ ਜਾਵੇ ਤਾਂ ਜੋ ਵਿਦਿਆਰਥੀ ਇਸ ਦਾ ਏ-4 ਸ਼ੀਟ ਤੇ ਪ੍ਰਿੰਟ ਕਰਕੇ ਪੇਪਰ ਹੱਲ ਕਰ ਸਕਣ। ਇਹ ਉੱਤਰ ਕਾਪੀ (Answer Sheet) ਕਾਲਜ ਦੀ ਵੈਬਸਾਈਟ ਉੱਪਰ ਵੀ ਅਪਲੋਡ ਕਰ ਦਿੱਤੀ ਗਈ ਹੈ।

8. ਅਧਿਆਪਕ ਸਾਹਿਬਾਨ/ਕਲਾਸ ਇੰਚਾਰਜ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਦਿਆਰਥੀ ਨੂੰ ਪੇਪਰ ਹੱਲ ਕਰਨ ਉਪਰੰਤ ਕਾਲਜ ਦੀ ਵੈਬਸਾਈਟ ਉੱਪਰ ਅਪਲੋਡ ਕਰਨ ਵਿਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇਸ ਸਬੰਧੀ ਕਿਸੇ ਵੀ ਸਮੱਸਿਆ ਲਈ ਪ੍ਰੋ. ਗੁਰਪਾਲ ਸਿੰਘ (ਮੋਬਾਇਲ ਨੰ. 62833-61404), ਪ੍ਰੋ. ਜਸਪ੍ਰੀਤ ਸਿੰਘ (ਮੋਬਾਇਲ ਨੰ. 94636-68702) ਅਤੇ ਪ੍ਰੋ. ਲਾਲ ਸਿੰਘ (ਮੋਬਾਇਲ ਨੰ. 89680-83311) ਨਾਲ ਸੰਪਰਕ ਕੀਤਾ ਜਾਵੇ।
9. ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕਲਾਸਾਂ ਲਈ ਪੇਪਰ ਦਾ ਸਮਾਂ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 01:00 ਵਜੇ ਤੱਕ ਹੋਵੇਗਾ। ਵਿਦਿਆਰਥੀਆਂ ਨੂੰ ਦੋ ਘੰਟੇ ਵਾਧੂ ਸਮਾਂ (Additional Time) ਉਸ ਪੇਪਰ ਦੀ ਪੀ.ਡੀ.ਐਫ਼. ਬਣਾ ਕੇ ਅਪਲੋਡ ਕਰਨ ਲਈ ਹੋਵੇਗਾ। ਇਸਦਾ ਭਾਵ ਇਹ ਹੈ ਕਿ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀ ਆਪਣਾ ਪੇਪਰ ਹਰ ਹਾਲਤ ਵਿਚ ਬਾਅਦ ਦੁਪਹਿਰ 03:00 ਵਜੇ ਤੱਕ ਅਪਲੋਡ ਕਰਨਗੇ। ਪੇਪਰ ਅਪਲੋਡ ਹੋਣ ਤੋਂ ਬਾਅਦ ਵਿਦਿਆਰਥੀ ਪਾਸ ਸਕਰੀਨ ਉੱਪਰ ਉੱਤਰ ਕਾਪੀ ਜਮ੍ਹਾਂ ਹੋਣ ਦਾ ਇਕ ਮੈਸੇਜ ਆਵੇਗਾ, ਜਿਸ ਉੱਪਰ ਇਕ ਰੈਫ਼ਰੈਂਸ ਨੰਬਰ ਹੋਵੇਗਾ, ਜਿਸਦਾ ਸਕਰੀਨ ਸ਼ੌਟ ਵਿਦਿਆਰਥੀ ਵੱਲੋਂ ਆਪਣੇ ਰਿਕਾਰਡ ਵਿਚ ਰੱਖਣਾ ਹੋਵੇਗਾ।
10. ਅਧਿਆਪਕ ਸਾਹਿਬਾਨ/ਕਲਾਸ ਇੰਚਾਰਜ ਆਪਣੇ ਸਬੰਧਿਤ ਗਰੁੱਪ ਦੇ ਵਿਦਿਆਰਥੀਆਂ ਨੂੰ ਇਹ ਵੀ ਸੂਚਿਤ ਕਰਨ ਕਿ ਨਿਰਵਿਘਨ ਪੇਪਰ ਚਲਾਉਣ ਲਈ ਸਾਰੇ ਵਿਦਿਆਰਥੀ ਆਪਣੇ ਪ੍ਰਸ਼ਨ-ਪੱਤਰ ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਨੋਟ ਕਰ ਲੈਣ।
11. ਅਧਿਆਪਕ ਸਾਹਿਬਾਨ/ਕਲਾਸ ਇੰਚਾਰਜ/ਨੋਡਲ ਅਫ਼ਸਰ ਵਿਦਿਆਰਥੀਆਂ ਦੇ ਪ੍ਰੀਖਿਆ ਰੋਲ ਨੰਬਰ ਚੈੱਕ ਕਰਣਗੇ, ਜੇਕਰ ਕੋਈ ਵੀ ਵਿਦਿਆਰਥੀ Unfair Means ਦੀ ਵਰਤੋਂ ਕਰਦਾ ਪਾਇਆ ਗਿਆ ਤਾਂ ਸਬੰਧਿਤ ਦਾ ਪੇਪਰ ਰੱਦ ਕਰਕੇ, ਨਿਯਮਾਂ ਅਨੁਸਾਰ ਬਣਦੀ ਹੋਰ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ।
12. ਫ਼ਿਜ਼ੀਕਲ ਤੌਰ 'ਤੇ ਚੈਲੇਂਜ਼ਡ ਵਿਦਿਆਰਥੀ ਨਿਯਮਾਂ ਅਨੁਸਾਰ ਸਹਾਇਕ ਦੀ ਵਰਤੋਂ ਕਰ ਸਕਦੇ ਹਨ। ਪਰ ਇਸ ਮੰਤਵ ਲਈ ਉਨ੍ਹਾਂ ਨੂੰ ਕੰਟ੍ਰੋਲਰ (ਪ੍ਰੀਖਿਆਵਾਂ), ਖ਼ਾਲਸਾ ਕਾਲਜ, ਪਟਿਆਲਾ ਤੋਂ ਮਿਤੀ 21 ਜਨਵਰੀ, 2022 ਤੱਕ ਹਰ ਹਾਲਤ ਵਿਚ, ਪੂਰਵ ਲਿਖਤੀ ਪ੍ਰਵਾਨਗੀ ਲੈਣੀ ਹੋਵੇਗੀ।

ਕੋਵਿਡ-19 ਕਾਰਣ ਸਮੁੱਚਾ ਮਹੌਲ ਤਨਾਵ ਵਾਲਾ ਹੈ। ਇਸ ਲਈ ਸਮੁੱਚੇ ਵਿਵਹਾਰ ਵਿਚ ਬਹੁਤ ਹੀ ਸੰਜੀਦਗੀ ਵਰਤੀ ਜਾਵੇ, ਜਿਸ ਨਾਲ ਪ੍ਰੀਖਿਆਵਾਂ ਦਾ ਸਮੁੱਚਾ ਸੰਚਾਲਨ ਬਾਖ਼ੂਬੀ ਨੇਪਰੇ ਚਾੜ੍ਹਿਆ ਜਾ ਸਕੇ।

ਡਾ. ਧਰਮਿੰਦਰ ਸਿੰਘ ਉੱਭਾ
ਪ੍ਰਿੰਸੀਪਲ